2/10/23, 11:35 AM

sector officer.jpg

2023 28137

10/2/2023

## ਚੋਣਕਾਰ ਰਜਿਸਟ੍ਰੇਸ਼ਨ ਅਫਸਰ -ਕਮ- ਉਪ ਮੰਡਲ ਮੈਜਿਸਟਰੇਟ, 095 ਮੌੜ

ਵੱਲ,

ਸਮੂਹ ਸੈਕਟਰ ਸੁਪਰਵਾਇਜ਼ਰ,
095 ਮੌੜ ਵਿਧਾਨ ਸਭਾ ਚੋਣ ਹਲਕਾ।

ਪੱਤਰ ਨੰ..9410.... ਚੋਣਾਂ 2023 ਮਿਤੀ ...10../02/2023.

ਵਿਸ਼ਾ:- Special Camp Day w.r.t. Collection of Adhar data from the electors on voluntary basis for linking and authentication of electoral rolls data regarding.

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੁੱਖ ਚੋਣ ਅਫਸਰ, ਪੰਜਾਬ ਜੀ ਅਤੇ ਜਿਲ੍ਹਾਂ ਚੋਣ ਅਫਸਰ, ਬਠਿੰਡਾ ਜੀ ਦੀਆਂ ਹਦਾਇਤਾ ਅਨੁਸਾਰ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਬੂਥ ਲੈਵਲ ਅਫਸਰਾ ਨੂੰ ਸਵੇਰੇ 10.00 ਵਜੇ ਤੋਂ 4.00 ਵਜੇ ਤੱਕ ਮਿਤੀ 12 ਫਰਵਰੀ 2023 (ਐਤਵਾਰ) ਨੂੰ ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਲਈ ਪੋਲਿੰਗ ਬੂਥਾਂ ਉੱਪਰ ਕੈਂਪ ਲਗਾਇਆ ਜਾਣਾ ਹੈ। ਇਸ ਕੈਂਪ ਦੌਰਾਨ ਜਿੰਨਾ ਬੀ.ਐੱਲ.ਓਜ ਦਾ ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਕਰਨ ਦਾ ਕੰਮ ਨੱਥੀ ਲਿਸਟ ਅਨੁਸਾਰ 100 ਪ੍ਰਤੀਸ਼ਤ ਤੋਂ ਘੱਟ ਹੈ, ਉਨ੍ਹਾਂ ਬੀ.ਐੱਲ.ਓਜ. ਨੂੰ ਇਸ ਕੈਂਪ ਦੌਰਾਨ ਆਪਣੇ ਕੰਮ ਨੂੰ ਪੂਰਾ ਕਰਨ ਦੀ ਹਦਾਇਤ ਕੀਤੀ ਜਾਵੇ। ਇਸ ਤੋਂ ਇਲਾਵਾ ਸਮੂਹ ਬੂਥ ਲੈਵਲ ਅਫਸਰ ਸਪੈਸ਼ਲ ਕੈਂਪ ਦੌਰਾਨ ਪੋਲਿੰਗ ਬੂਥਾਂ ਤੇ ਹਾਜ਼ਰ ਰਹਿਣ ਲਈ ਪਾਬੰਦ ਕੀਤਾ ਜਾਵੇ। ਚੋਣਕਾਰ ਰਜਿਸਟਰੇਸ਼ਨ ਅਫਸਰ, ਅਤੇ ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ, ਮੌੜ ਵੱਲੋਂ ਬੂਥ ਲੈਵਲ ਅਫਸਰਾਂ ਦੀ ਹਾਜ਼ਰੀ ਚੈੱਕ ਕੀਤੀ ਜਾਵੇਗੀ। ਮੁੱਖ ਦਫਤਰ/ਰੋਲ ਅਬਜ਼ਰਵਰ/ਜਿਲ੍ਹਾਂ ਚੋਣ ਅਫਸਰ/ ਵਧੀਕ ਜਿਲ੍ਹਾਂ ਚੋਣ ਅਫਸਰ/ਚੋਣ ਤਹਿਸੀਲਦਾਰ ਵੱਲੋਂ ਵੀ ਪੋਲਿੰਗ ਬੂਥਾਂ ਤੇ ਬੂਥ ਲੈਵਲ ਅਫਸਰਾਂ ਦੀ ਹਾਜ਼ਰੀ ਚੈੱਕ ਕੀਤੀ ਜਾਵੇਗੀ, ਗੈਰ ਹਾਜ਼ਰ ਪਾਏ ਗਏ ਬੂਥ ਲੈਵਲ ਅਫਸਰਾਂ ਵਿਰੁੱਧ ਚੋਣ ਨਿਯਮਾ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ,
ਵਿਧਾਨ ਸਭਾ ਚੋਣ ਹਲਕਾ 095 ਮੌੜ।

ਪਿੰਠ ਅੰਕਣ ਨੰ.9411-13/ਚੋਣਾਂ 2023 ਮਿਤੀ 10/02/2023

ਇਸ ਦਾ ਇੱਕ ਉਤਾਰਾ.

1. ਮਾਨਯੋਗ ਜਿਲ੍ਹਾ ਅਫਸਰ ਬਠਿੰਡਾ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ ਜਿਲ੍ਹਾ ਸਿੱਖਿਆ ਅਫਸਰ ( ਪ੍ਰਾ. ਸਿ.) ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਹੜੇ ਸਕੂਲ ਵਿੱਚ ਪੋਲਿੰਗ ਸਟੇਸ਼ਨ ਬਣੇ ਹੋਏ ਹਨ, ਉਹਨਾਂ ਨੂੰ ਮਿਤੀ 12.02.2023 ਨੂੰ ਖੁੱਲ੍ਹਾ ਰੱਖਿਆ ਜਾਵੇ ਅਤੇ ਬੂਥ ਲੈਵਲ ਅਫਸਰਾ ਨੂੰ ਬੈਠਣ ਲਈ ਲੋੜੀਂਦਾ ਫਰਨੀਚਰ ਮੁਹੱਈਆ ਕਰਵਾਇਆ ਜਾਵੇ।

ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ,
ਵਿਧਾਨ ਸਭਾ ਚੋਣ ਹਲਕਾ 095 ਮੌੜ।

ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ

ਪਿੱਠਅੰਕਣ ਨੰ : ਜੀ-4/1 ( ) 2023 / 706 ਮਿਤੀ : 10/02/2023

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਸਸਸਸ/ਸਹਸ/ਸਮਿਸ ਜਿਲ੍ਹਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਬਠਿੰਡਾ।

Scanned with CamScanner